ਕਵਿਜ਼ ਅਭਿਆਸ (4 ਸਤੰਬਰ - 10 ਸਤੰਬਰ 2021)

ਜਮਾਤ- 12ਵੀਂ

ਵਿਸ਼ਾ- ਪੰਜਾਬੀ

ਵਿਦਿਆਰਥੀ ਦਾ ਨਾਂ..... ਸਕੂਲ ਕੋਡ.....

1.'ਮੈਨੂੰ ਜਾਣਨੈ?' ਕਹਾਣੀ ਦਾ ਮੁੱਖ ਵਿਸ਼ਾ ਕੀ ਹੈ?

(ੳ) ਮਨੁੱਖੀ ਹੋਣੀ ਦੇ ਆਰਥਿਕ ਮਸਲੇ (ਅ) ਪੁਰਾਣੇ ਸਮੇਂ ਵਿੱਚ ਰਿਸ਼ਤਿਆਂ ਚ ਨਿੱਘ

(ੲ) ਤਕਨਾਲੋਜੀ ਦੁਆਰਾ ਰੁਜ਼ਗਾਰ ਦੇ ਪਰੰਪਰਾਈ ਸਾਧਨਾਂ ਨੂੰ ਢਾਹ (ਸ)ਸਵੈ-ਪਛਾਣ ਦੀ ਇੱਛਾ

2.ਕੁੰਢਾ ਘੜੀ ਖਰਾਬ ਹੋਣ ਦਾ ਬਹਾਨਾ ਕਿਉਂ ਕਰਦਾ ਹੈ?

(ੳ) ਘੜੀ ਚੋਰੀ ਹੋ ਗਈ ਸੀ (ਅ) ਘੜੀ ਸਮਾਂ ਗ਼ਲਤ ਦੱਸ ਰਹੀ ਸੀ

(ੲ) ਕੁੰਢਾ ਸਮਾਂ ਨਹੀਂ ਦੱਸਣਾ ਚਾਹੁੰਦਾ ਸੀ (ਸ) ਕੇਲੂ ਤੋਂ ਦੁਖੀ ਸੀ

3.ਕੁੰਢੇ ਨੇ ਕੇਲੂ ਦੀ ਪੜ੍ਹਾਈ ਪੂਰੀ ਕਰਵਾਈ-

(ੳ)ਖੇਤੀ ਕਰ ਕੇ (ਅ) ਪੈਨਸ਼ਨ ਨਾਲ਼ (ੲ) ਜ਼ਮੀਨ ਠੇਕੇ 'ਤੇ ਦੇ ਕੇ (ਸ) ਜ਼ਮੀਨ ਗਹਿਣੇ ਧਰ ਕੇ

4. "ਤੂੰ ਇੱਥੋਂ ਦਾ ਹੈ ਕਿ ਉੱਧਰੋਂ ਆਇਆ ਏਂ?" ਇਸ ਵਾਕ ਵਿੱਚ 'ਉੱਧਰੋਂ' ਤੋਂ ਕੀ ਭਾਵ ਹੈ? 'ਮੈਨੂੰ ਜਾਣਨੈ?' ਕਹਾਣੀ ਦੇ ਅਧਾਰ ਤੇ ਦੱਸੋ।

(ੳ) ਪਾਕਿਸਤਾਨ (ਅ) ਅਫ਼ਗ਼ਾਨਿਸਤਾਨ (ੲ) ਰਾਜਸਥਾਨ (ਸ) ਕਸ਼ਮੀਰ

5.'ਪੰਜਾਬ ਦੇ ਦਰਿਆ' ਕਵਿਤਾ ਅਨੁਸਾਰ ਪੰਜਾਬ ਦੇ ਦਰਿਆ ਕਿਹੜੀ ਬਾਣੀ ਦਾ ਪਾਠ ਕਰ ਰਹੇ ਹਨ-

(ੳ)ਜਪੁ ਸਾਹਿਬ (ਅ)ਰਹਿਰਾਸ ਸਾਹਿਬ (ੲ) ਚੌਪਈ ਸਾਹਿਬ (ਸ) ਸੁਖਮਨੀ ਸਾਹਿਬ

6.'ਹਲ਼ ਵਾਹੁਣ ਵਾਲ਼ੇ ' ਕਵਿਤਾ ਵਿਚ "ਵੇਖਣ ਮੁੜ ਮੁੜ ਬੱਦਲਾਂ" ਤੋਂ ਕੀ ਭਾਵ ਹੈ

(ੳ) ਬੱਦਲ ਸੁਹਣੇ ਲਗਦੇ ਹਨ (ਅ) ਬੱਦਲਾਂ ਤੋਂ ਮੀਂਹ ਦੀ ਆਸ ਕਰਦੇ ਹਨ

(ੲ) ਮੀਂਹ ਰੋਕਣ ਲਈ ਬੇਨਤੀ ਕਰਦੇ ਹਨ (ਸ)ਸਾਰੇ ਹੀ

7. 'ਪੰਜਾਬ ਦੇ ਮਜ਼ੂਰ' ਕਵਿਤਾ ਅਨੁਸਾਰ ਪੰਜਾਬ ਦੇ ਮਜ਼ੂਰ-

(ੳ) ਭੋਲ਼ੇ ਹਨ (ਅ)ਵੱਡੇ ਸੰਤੋਖ ਵਾਲ਼ੇ ਹਨ (ੲ) ਸਾਫ਼ ਦਿਲ ਵਾਲ਼ੇ ਹਨ (ਸ) ਸਾਰੇ ਹੀ

8.'ਹਲ਼ ਵਾਹੁਣ ਵਾਲ਼ੇ' ਕਵਿਤਾ ਵਿਚ ਪੈਲੀਆਂ ਕਿਸ ਲਈ ਰੂਪਕ ਵਜੋਂ ਵਰਤਿਆ ਗਿਆ ਹੈ-

(ੳ) ਜ਼ਮੀਨ ਲਈ (ਅ) ਦਰਿਆ ਲਈ (ੲ)ਖੇਤੀ ਲਈ (ਸ) ਕਿਤਾਬਾਂ ਲਈ